## ਦਫਤਰ ਡਾਇਰੈਕਟਰ ਸਿੱਖਿਆ ਵਿਭਾਗ (ਸੈ:ਸਿ) ਪੰਜਾਬ, ਐਸ.ਏ.ਐਸ ਨਗਰ।
### (ਅਮਲਾ-2 ਸ਼ਾਖਾ)

ਹੁਕਮ ਨੰ: (77910) 20/557-2013 ਅਮਲਾ-2 (3) ਮਿਤੀ: ਐਸ.ਏ.ਐਸ ਨਗਰ 10.07.2020

ਮਿਤੀ 07.05.2011 ਨੂੰ ਜਾਰੀ ਵਿਗਿਆਪਣ ਰਾਹੀਂ ਯੋਗ ਬਿਨੈਕਾਰਾਂ ਤੋਂ ਸਕੂਲ ਸਿੱਖਿਆ ਵਿਭਾਗ ਪੰਜਾਬ ਵਿੱਚ ਟੀਚਿੰਗ ਅਮਲੇ ਦੀਆਂ ਅਸਾਮੀਆ ਲਈ ਠੇਕੇ ਤੇ ਆਧਾਰਿਤ ਨਿਯੁਕਤੀ ਲਈ 10300/- ਰੁਪਏ ਪ੍ਰਤੀ ਮਹੀਨਾਂ ਯਕਮੁਸ਼ਤ ਤਨਖਾਹ ਤੇ ਬਿਨੈ ਪੱਤਰ ਮੰਗੇ ਗਏ ਸੀ, ਵਿਗਿਆਪਣ ਵਿੱਚ ਦਰਜ਼ ਸ਼ਰਤ ਅਨੁਸਾਰ ਤਿੰਨ ਸਾਲ ਬਾਅਦ ਉਮੀਦਵਾਰ ਦਾ ਕੰਮ ਅਤੇ ਆਚਰਣ ਤਸਲੀਬਖਸ਼ ਹੋਣ ਦੀ ਸੂਰਤ ਵਿੱਚ ਰੈਗੂਲਰ ਨਿਯੁਕਤੀ ਲਈ ਵਿਚਾਰਿਆ ਜਾਣ ਦਾ ਉਪਬੰਧ ਸੀ। ਮਿਤੀ 07.05.2011 ਦੇ ਵਿਗਿਆਪਣ ਅਧੀਨ, ਠੇਕੇ ਤੇ ਨਿਯੁਕਤ ਕਰਮਚਾਰੀਆਂ ਦੇ ਪੂਰੇ ਬੈਚ ਦੇ ਚੁੱਣੇ ਗਏ ਪ੍ਰਾਰਥੀਆਂ ਵਿੱਚੋ ਸਭ ਤੋਂ ਪਹਿਲਾਂ ਹਾਜ਼ਰ ਹੋਏ ਪ੍ਰਾਰਥੀ ਦੀ ਹਾਜ਼ਰੀ ਦੀ ਮਿਤੀ ਤੋਂ ਤਿੰਨ ਸਾਲ ਦਾ ਸਮਾਂ ਪੂਰਾ ਹੋਇਆ ਮੰਨਦੇ ਹੋਏ ਅਜਿਹੇ ਨਿਯੁਕਤ ਹੋਏ ਕਰਮਚਾਰੀਆ ਦੀਆਂ ਸੇਵਾਵਾਂ ਮਿਤੀ 15.01.2016 ਤੋਂ ਨਿਯਮਤ ਕਰਨ ਦਾ ਫੈਸਲਾ ਲਿਆ ਗਿਆ ਹੈ, ਪ੍ਰੰਤੂ ਅਜਿਹੇ ਨਿਯਮਤ ਹੋਏ ਕਰਮਚਾਰੀਆਂ ਨੂੰ ਤਨਖਾਹ ਸਕੇਲ ਪੂਰੇ ਤਿੰਨ ਸਾਲ ਦੀ ਕਾਬਲ ਬਣਾਉਣ ਵਾਲੀ ਸੇਵਾ, ਭਾਵ ਉਹਨਾਂ ਦੀ ਅਸਲ ਹਾਜ਼ਰੀ ਦੀ ਮਿਤੀ ਤੋਂ ਤਿੰਨ ਸਾਲ ਦਾ ਸਮਾਂ, ਮੁਕੰਮਲ ਕਰਨ ਤੇ ਰਿਲੀਜ ਕੀਤਾ ਜਾਵੇਗਾ।

ਹੇਠ ਲਿਖੇ ਠੇਕੇ ਤੇ ਨਿਯੁਕਤ ਕਰਮਚਾਰੀ ਦੀਆਂ ਸੇਵਾਵਾਂ ਬਤੌਰ ਮਾਸਟਰ/ ਮਿਸਟ੍ਰੈਸ ਪੇ ਬੈਂਡ 10300-34800+ਗ੍ਰੇਡ ਪੇ 5000, (ਜਮਾਂ ਪੰਜਾਬ ਸਰਕਾਰ ਵੱਲੋਂ ਮਿਲਣ ਯੋਗ ਭੱਤਿਆ ਸਹਿਤ), ਨਿਮਨ ਲਿਖਤ ਸ਼ਰਤਾਂ ਦੇ ਰੈਗੂਲਰ ਕੀਤੀਆਂ ਜਾਂਦੀਆ ਹਨ:-

| Sr No | Merit No. | Regd. No. | Candidate's Name | Father's Name | Subject | Category | School | Date of Joining | Date of Entitlement of Regular Pay Scale and Allowances |
|---|---|---|---|---|---|---|---|---|---|
| 1. | 53.475 | 165699 | Sonia Sharma | Subash Chander Sharma | Hindi | Gen | GMS Kandhargarh Chana (Sangrur) | 24.03.2017 | 24.03.2020 |

ਸ਼ਰਤਾ:

1. ਕਰਮਚਾਰੀ ਨੂੰ ਉਪਰੋਕਤ ਰੈਗੂਲਰ ਤਨਖਾਹ ਸਕੇਲ ਉਸ ਦੀ ਅਸਲ ਹਾਜਰੀ ਦੀ ਮਿਤੀ ਤਿੰਨ ਸਾਲ ਦੀ ਸੇਵਾ ਮੁਕੰਮਲ ਕਰਨ ਦੀ ਮਿਤੀ ਤੋਂ ਰਿਲੀਜ਼ ਕੀਤਾ ਜਾਵੇਗਾ।
2. ਕਰਮਚੀ ਦੇ ਖਿਲਾਫ ਕੋਈ ਪੁਲਿਸ ਤਫਤੀਸ਼/ ਵਿਜੀਲੈਂਸ ਪੜਤਾਲ ਜਾਂ ਵਿਭਾਗੀ ਪੜਤਾਲ ਨਾ ਚੱਲ ਰਹੀ ਹੋਵੇ। ਇਸ ਸਬੰਧੀ ਪ੍ਰਾਰਥੀ ਵੱਲੋਂ ਸਵੈ ਘੋਸ਼ਣਾ ਪੱਤਰ (Self Declaration) ਦਿੱਤਾ ਜਾਵੇਗਾ।
3. ਕਰਮਚਾਰੀ ਭਾਰਤ ਦੇ ਸੰਵਿਧਾਨਪ੍ਰਤੀ ਵਚਨਬੱਧ ਰਹਿਣ ਦੀ ਸਹੁੰ ਚੁਕਣ ਸਬੰਧੀ ਹਲਫਨਾਮਾ ਦੇਵੇਗਾ।
4. ਕਰਮਚਾਰੀ ਜਿਲੇ ਦੇ ਸਬੰਧਤ ਸਿਵਲ ਸਰਜਨ ਵੱਲੋਂ ਫਿਟਨੈਸ ਸਰਟੀਫਿਕੇਟ ਪੇਸ਼ ਕਰੇਗਾ।
5. ਕਰਮਚਾਰੀ ਦੇ ਚਾਲ ਚਲਣ ਸਬੰਧੀ ਤਸਦੀਕ ਸਬੰਧਤ ਜਿਲ੍ਹਾ ਮੈਜਿਸਟ੍ਰੇਟ ਤੋਂ ਕਰਵਾਉਣ ਉਪਰੰਤ ਮੰਨੀ ਜਾਵੇਗੀ। ਜੇਕਰ ਤਸਦੀਕੀ ਉਪਰੰਤ ਕਰਮਚਾਰੀ/ ਕਰਮਚਾਰਨ ਦੇ ਵਿਰੁੱਧ ਚਾਲ ਚੱਲਣ ਸਬੰਧੀ ਕੋਈ ਸ਼ਿਕਾਇਤ ਧਿਆਨ ਵਿੱਚ ਆਈ ਤਾਂ ਆਪ ਦੀਆਂ ਸੇਵਾਵਾਂ ਬਿਨ੍ਹਾਂ ਕਿਸੇ ਨੋਟਿਸ ਦੇ ਖਤਮ ਕਰ ਦਿੱਤੀਆ ਜਾਣਗੀਆ।
6. ਕਰਮਚਾਰੀ ਮਾਸਟਰ ਕਾਡਰ ਵਿੱਚ ਸਬੰਧਤ ਵਿਸ਼ੇ ਦੀਆਂ ਨਿਰਧਾਰਤ ਅਕਾਦਮਿਕ ਅਤੇ ਪ੍ਰੋਫੈਸਨਲ ਯੋਗਤਾਵਾਂ ਪੂਰੀਆਂ ਕਰਦਾ ਹੋਵੇ। ਡਿਸਟੈਂਸ ਮੋਡ ਰਾਹੀਂ ਪ੍ਰਾਪਤ ਕੀਤੀ ਯੋਗਤਾ ਸਬੰਧਤ ਯੂਨੀਵਰਸਿਟੀ ਦੇ ਅਧਿਕਾਰ ਖੇਤ (Jurisdiction) ਵਿੱਚ ਹੀ ਕੀਤੀ ਹੋਵੇ ਜਾ ਅਧਿਕਾਰ ਖੇਤ ਤੋਂ ਬਾਹਰ ਕਰਨ ਦੀ ਸੂਰਤ ਵਿੱਚ ਇਸ ਡਿਗਰੀ ਦੇ ਮੈਰਿਟ ਅੰਕ ਵਿੱਚ ਮਿਲੇ ਅੰਕ ਘੱਟਾਕੇ, ਜੇਕਰ ਉਹ ਸਿਲੈਕਸ਼ਨ ਜੋਨ ਵਿੱਚ ਰਹਿੰਦੇ ਹਨ, ਇਸ ਸ਼ਰਤ ਤੇ ਹੀ ਉਹਨਾਂ ਦੀਆਂ ਸੇਵਾਵਾਂ ਰੈਗੂਲਰ ਕੀਤੀਆਂ ਜਾਂਦੀਆਂ ਹਨ। ਜੇਕਰ ਕੋਈ ਸਰਟੀਫਿਕੇਟ, ਦਸਤਾਵੇਜ਼ ਸਹੀ ਨਹੀਂ ਪਾਇਆ ਜਾਂਦਾ ਕਰਮਰਚਾਰੀ ਨੂੰ ਬਿਨ੍ਹਾਂ ਕਿਸੇ ਕਾਰਨ ਦੱਸੇ ਨੋਟਿਸ ਦੇ ਸੇਵਾ ਤੋਂ ਬਰਖਾਸਤ ਕਰ ਦਿੱਤਾ ਜਾਵੇਗਾ।
7. ਕਰਮਚਾਰੀ ਨੂੰ ਪੰਜਾਬ ਸਕੂਲ ਸਿੱਖਿਆ ਬੋਰਡ ਐਸ.ਏ.ਐਸ ਨਗਰ ਦੁਆਰਾ ਸੋਪੀ ਗਈ ਕੋਈ ਵੀ ਜਿਮੇਵਾਰੀ ਜਿਸ ਵਿੱਚ ਇਨਵਿਜੀਲੇਟਰ, ਸੁਪਰਵਾਇਜਰ, ਸੁਪਰਡੰਟ, ਸਬ ਐਗਜਾਮੀਨਰ, ਹੈਡ ਐਗਜਾਮੀਨਰ ਜਾਂ ਸਕੂਲ ਦੇ ਕੰਟਰੋਲਰ ਵੱਜੋ ਦਿੱਤੀ ਗਈ ਜਿਮੇਵਾਰੀ ਹੋਰ ਸਕੂਲ ਦੀਆਂ ਜਿਮੇਵਾਰੀਆਂ ਦੇ ਇੱਕ ਹਿੱਸੇ ਵੱਲੋਂ ਨਿਭਾਉਣੀ ਪਵੇਗੀ।
8. ਕਰਮਚਾਰੀ ਨੂੰ ਨਿਯੁਕਤੀ ਵਾਲੀ ਥਾਂ ਤੇ ਹਾਜ਼ਰ ਹੋਣ ਲਈ ਕੋਈ ਟੀ.ਏ/ ਡੀ.ਏ ਨਹੀਂ ਦਿੱਤਾ ਜਾਵੇਗਾ।
9. ਕਰਮਚਾਰੀ ਪਹਿਲਾਂ ਪ੍ਰਵਾਨਗੀ ਲਏ ਬਿਨ੍ਹਾਂ ਕਿਸੇ ਪ੍ਰਕਾਰ ਦੀ ਉਚੇਰੀ ਸਿੱਖਿਆ ਹਾਸਲ ਨਹੀਂ ਕਰੇਗਾ।
10. ਇਹ ਨਿਯੁਕਤੀ ਦੋ ਸਾਲਾਂ ਲਈ ਪਰਖ ਸਮੇਂ ਲਈ ਪ੍ਰੋਬੇਸ਼ਨਰੀ ਹੋਵੇਗੀ। ਇਸ ਸਮੇਂ ਦੋਰਾਨ ਜੇਕਰ ਉਸ ਦਾ ਕੰਮ ਅਤੇ ਆਚਰਣ ਤਸਲੀਬਖਸ਼ ਨਾ ਪਾਇਆ ਗਿਆਂ ਤਾਂ ਬਿਨ੍ਹਾਂ ਨੋਟਿਸ ਦਿੱਤੇ ਨੋਕਰੀ ਤੋਂ ਕੱਢ ਦਿੱਤਾ ਜਾਵੇਗਾ।
11. ਸਕਾਰ ਵੱਲੋਂ ਜਾਰੀ ਕੀਤੇ ਨੋਟੀਫਿਕੇਸ਼ਨ ਨੰ: 11/9402-4ਪੀ.ਪੀ2/650 ਮਿਤੀ 12.01.2004 ਅਨੁਸਰ ਸਬੰਧਤ ਉਮੀਦਵਾਰ/ ਕਰਮਚਾਰੀ ਤੇ ਨਿਊ ਕੰਟਰੀਬਿਊਟਰੀ ਪੈਨਸ਼ਨ ਸਕੀਮ ਲਾਗੂ ਹੋਵੇਗੀ।
12. ਕਰਮਚਾਰੀ ਨੂੰ ਠੇਕੇ ਅਧਾਰ ਤੇ ਕੀਤੀ ਗਈ ਨੌਕਰੀ ਦਾ ਕੋਈ ਲਾਭ ਨਹੀਂ ਮਿਲੇਗਾ, ਸਗੋ ਉਸਦੀ ਉਕਤ ਗ੍ਰੇਡ ਦੇ ਮੁੱਢਲੇ ਪੜਾਅ ਤੇ ਨਵੀਂ ਨਿਯੁਕਤੀ ਵੱਜੋ ਨਿਯੁਕਤੀ ਮਿਲੀ ਮੰਨੀ ਜਾਵੇਗੀ।
13. ਕਰਮਚਾਰੀ ਨੂੰ ਪੰਜਾਬ ਸਰਕਾਰ ਕਰਮਚਾਰੀ ਆਚਰਣ ਨਿਯਮਾਵਲੀ 1966 ਅਤੇ ਪੰਜਾਬ ਸਿਵਲ ਸਰਵਿਸਜ਼ (ਦੰਡ ਅਤੇ ਅਪੀਲ) ਰੂਲਜ਼ 1970 ਵਿੱਚ ਦਰਜ਼ ਧਾਰਾਵਾਂ ਦਾ ਪਾਬੰਦ ਰਹਿਣਾ ਪਵੇਗਾ।
14. ਕਰਮਚਾਰੀ ਵੱਲੋਂ ਜੇਕਰ ਕੋਈ ਪੇਸ਼ ਕੀਤਾ ਦਸਤਾਵੇਜ਼ ਬਾਅਦ ਵਿੱਚ ਗਲਤ/ ਜਾਅਲੀ ਪਾਇਆ ਜਾਂਦਾ ਹੈ ਤਾਂ ਕਰਮਚਾਰੀ ਨੂੰ ਬਿਨ੍ਹਾਂ ਕਾਰਨ ਦੱਸੋਂ ਨੋਟਿਸ ਦਿੱਤੇ ਸੇਵਾ ਤੋਂ ਬਰਖਾਸਤ ਕਰ ਦਿੱਤਾ ਜਾਵੇਗਾ।
15. ਮਾਨਯੋਗ ਸੁਪਰੀਮ ਕੋਰਟ/ ਪੰਜਾਬ ਅਤੇ ਹਰਿਆਣਾ ਹਾਈ ਕੋਰਟ ਵਿੱਚ ਪੈਂਡਿੰਗ ਕਿਸੇ ਐਸ.ਐਲ.ਪੀ/ ਰਿੱਟ ਪਟੀਸ਼ਨ ਦਾ ਜੋ ਅੰਤਿਮ ਫੈਸਲਾ ਹੋਵੇਗਾ, ਇਨ੍ਹਾਂ ਕਰਮਚਾਰੀਆਂ ਤੇ ਲਾਗੂ ਹੋਵੇਗਾ।
16. ਆਪ ਦੀ ਸੀਨੀਆਰਤਾ ਮੈਰਿਟ ਲਿਸਟ ਵਿੱਚ ਰੈਕਿੰਗ ਦੇ ਅਧਾਰ ਤੇ ਫਿਕਸ ਕੀਤੀ ਜਾਵੇਗੀ।

ਸੁਖਜੀਤ ਪਾਲ ਸਿੰਘ, ਪੀ.ਸੀ.ਐਸ
ਡਾਇਰੈਕਟਰ ਸਿੱਖਿਆ ਵਿਭਾਗ (ਸੈ:ਸਿ) ਪੰਜਾਬ।

ਪਿੱਠ ਅੰਕਣ ਨੰ: --ਉਕਤ-- 2020 164033-36 ਮਿਤੀ: ਐਸ.ਏ.ਐਸ ਨਗਰ 15.07.2020

ਉਤਾਰਾ ਹੇਠ ਲਿਖਿਆ ਨੂੰ ਸੂਚਨਾਂ ਅਤੇ ਯੋਗ ਕਾਰਵਾਈ ਹਿੱਤ ਭੇਜਿਆ ਜਾਂਦਾ ਹੈ:-

1. ਜਿਲ੍ਹਾ ਸਿੱਖਿਆ ਅਫਸਰ (ਸੈ:ਸਿ), ਸੰਗਰੂਰ ਉਮੀਦਵਾਰ ਨੂੰ ਹਾਜ਼ਰ ਕਰਾਉਣ ਤੋਂ ਪਹਿਲਾ ਵਿਦਿਅਕ ਯੋਗਤਾਵਾ ਸਬੰਧੀ ਅਸਲ ਸਰਟੀਫਿਕੇਟ ਬਰੀਕੀ ਨਾਲ ਚੈਕ ਕਰਨਗੇ, ਇਹ ਵੀ ਚੈਕ ਕਰਨਗੇ ਕਿ ਡਿਸਟੈਂਸ ਮੋਡ ਰਾਹੀ ਪ੍ਰਾਪਤ ਕੀਤੀ ਯੋਗਤਾ ਸਬੰਧਤ ਯੂਨੀਵਰਸਿਟੀ ਦੇ ਅਧਿਕਾਰਖੇਤਰ (Jurisdiction) ਵਿੱਚ ਹੀ ਕੀਤੀ ਹੋਵੇ ਜਾਂ ਅਧਿਕਾਰ ਖੇਤਰ ਤੋਂ ਬਾਹਰ ਕਰਨ ਦੀ ਸੂਰਤ ਵਿੱਚ ਇਸ ਡਿਗਰੀ ਦੇ ਮੈਰਿਟ ਅੰਕ ਵਿੱਚ ਮਿਲੇ ਅੰਕ ਘੱਟਾਕੇ, ਜੇਕਰ ਉਹ ਸਿਲੈਕਸ਼ਨ ਜ਼ੋਨ ਵਿੱਚ ਰਹਿੰਦੇ ਹਨ, ਇਸ ਸ਼ਰਤ ਤੇ ਹੀ ਉਹਨਾਂ ਦੀਆਂ ਸੇਵਾਵਾਂ ਰੈਗੂਲਰ ਹੋਈਆ ਹਨ ਅਤੇ ਉਮੀਦਵਾਰ ਨਿਯੁਕਤੀ ਦੀਆਂ ਸਾਰੀਆਂ ਸ਼ਰਤਾਂ ਪੂਰੀਆਂ ਕਰਦਾ ਹੋਵੇ।
2. ਸਿਵਲ ਸਰਜ਼ਨ, ਸੰਗਰੂਰ ਉਮੀਦਵਾਰ ਦਾ ਮੈਡੀਕਲ ਫਿਟਨੈਸ ਚੈਕ ਕਰਨ ਉਪਰੰਤ ਸਰਟੀਫਿਕੇਟ ਜਾਰੀ ਕਰਨ ਲਈ।
3. ਜਿਲ੍ਹਾ ਮੈਜਿਸਟ੍ਰੇਟ, ਸੰਗਰੂਰ ਉਮੀਦਵਾਰ ਦਾ ਪੂਰਵ-ਵਿਹਾਰ ਵੈਰੀਫਾਈ ਕਰਨ ਉਪਰੰਤ ਤਸਦੀਕ ਜਾਰੀ ਕਰਨ ਹਿੱਤ।
4. ਸਬੰਧਤ ਕਰਮਚਾਰੀ।

ਸੁਪਰਡੰਟ (ਅਮਲਾ-2)
14/07/20